بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 30.09.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਾਡੇ ਇਜਤਮਾਆਤ (ਸਮਾਰੋਹਾਂ) ਦੀ ਵਾਸਤਵਿਕ ਆਤਮਾ ਤਾਂ ਇਹ ਹੈ ਕਿ ਰੱਬ ਨਾਲ ਸੰਬੰਧ ਅਤੇ ਆਪੋ ਵਿੱਚ ਪ੍ਰੇਮ ਤੇ ਭਾਈਚਾਰੇ ਵਿੱਚ ਅਗਾਂਹ ਵੱਧਿਆ ਜਾਵੇ

ਹਰ ਮਨੁੱਖ ਜੋ ਅੰਸਾਰੁਲੱਾਹ ਦਾ ਮੈਂਬਰ ਹੈ ਇਸਲਾਮ ਦੀ ਮਜ਼ਬੂਤੀ ਅਤੇ ਅਹਮਦੀਅਤ ਉੱਪਰ ਸੱਚੇ ਮਨ ਨਾਲ ਕਾਇਮ ਹੋਣ ਦਾ ਜਤਨ ਕਰੇ ਅਤੇ ਇਹ ਗੱਲ ਰੱਬ ਨਾਲ ਸੰਬੰਧ ਬਿਨਾਂ ਪੈਦਾ ਨਹੀਂ ਹੋ ਸਕਦੀ

ਲਜਨਾ ਇਮਾਇਲੱਾਹ ਆਪਣੀਆਂ ਸਾਰੀਆਂ ਸੰਸਾਰਕ ਇਛੱਾਵਾਂ ਨੂੰ ਪਿੱਛੇ ਪਾ ਕੇ ਆਪਣੀ ਵਿਹਾਰਕ ਅਵਸਥਾ ਨੂੰ ਧਾਰਮਕ ਸਿੱਖਿਆ ਅਨੁਸਾਰ ਢਾਲਣ

ਉਹ ਈਮਾਨਦਾਰੀ, ਵਫ਼ਦਾਰੀ ਤੇ ਵਿਹਾਰ ਦੀ ਇਕ ਉਧਾਰਣ ਸੀ, ਅਲੱਾਹ ਤਆਲਾ ਉਸ ਦੇ ਦਰਜੇ ਬੁਲੰਦ ਕਰਦਾ ਜਾਵੇ

ਜਾਮਿਆ ਅਹਮਦੀਆ ਯੂ.ਕੇ. ਦੇ ਇਕ ਹੋਨਹਾਰ ਵਿਦਿਆਰਥੀ ਮਜ਼ਹਰ ਆਹਸਨ ਦੀ ਮੌਤ ਉੱਪਰ ਉਸ ਦੇ ਸਦਗੁਣਾ ਦਾ ਈਮਾਨ ਵਧਾਉ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 30 ਸਤੰਬਰ 2016 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਤੋਂ ਮਜਲਿਸ ਅੰਸਾਰੁਲੱਾਹ ਯੂ.ਕੇ. ਅਤੇ ਲਜਨਾ ਇਮਾਇਲੱਾਹ ਦਾ ਇਜਤਮਾ ਸ਼ੁਰੂ ਹੋ ਰਿਹਾ ਹੈ ਸਾਡੇ ਇਜਤਮਾਆਤ (ਸਮਾਰੋਹਾਂ) ਦੀ ਵਾਸਤਵਿਕ ਆਤਮਾ ਤਾਂ ਇਹ ਹੈ ਕਿ ਰੱਬ ਨਾਲ ਸੰਬੰਧ ਅਤੇ ਆਪਸੀ ਪ੍ਰੇਮ ਤੇ ਭਾਈਚਾਰੇ ਵਿੱਚ ਅਗਾਂਹ ਵੱਧਿਆ ਜਾਵੇ । ਵਿਦਿਅਕ ਪ੍ਰੋਗਰਾਮ ਅਤੇ ਮੁਕਾਬਲੇ ਇਸ ਭਾਵਨਾ ਨਾਲ ਹੋਣੇ ਚਾਹੀਦੇ ਹਨ ਕਿ ਅਸੀਂ ਇਹਨਾਂ ਗੱਲਾਂ ਤੂੰ ਕੁਝ ਸਿੱਖ ਕੇ ਆਪਣੇ ਜੀਵਨ ਦਾ ਹਿਸੱਾ ਬਨਾਉਣਾ ਹੈ । ਕੁਝ ਖੇਡਾਂ ਦੇ ਪ੍ਰੋਗਰਾਮ ਵੀ ਹੁੰਦੇ ਹਨ । ਇਸ ਲਈ ਹਕੂਕੁਲੱਾਹ ਤੇ ਹਕੂਕੁਲ ਇਬਾਦ ਪੂਰੇ ਕਰਨ ਲਈ ਸਵਸਥ ਸ਼ਰੀਰ ਦੀ ਵੀ ਲੋੜ ਹੈ, ਨਹੀਂ ਤਾਂ ਨ ਹੀ ਅੰਸਾਰੁਲੱਾਹ ਦੀ ਖੇਡ ਖੇਡਣ ਦੀ ਉਮਰ ਹੈ ਅਤੇ ਨ ਹੀ ਬਾਈ ਤੇਈ ਸਾਲ ਦੀ ਉਮਰ ਪਿੱਛੋਂ ਇਸਤਰੀਆਂ ਖੇਡਾਂ ਵਿੱਚ ਕੋਈ ਬਹੁਤਾ ਸ਼ੌਕ ਰਖੱਦੀਆਂ ਹਨ । ਇਸ ਲਈ ਵਰਜ਼ਸ਼ੀ (ਸਰੀਰਕ ਖੇਡਾਂ) ਮੁਕਾਬਲਿਆਂ ਦਾ ਉਦੇਸ਼ ਇਹ ਵੀ ਹੁੰਦਾ ਹੈ ਕਿ ਆਪਣੇ ਸ਼ਰੀਰਕ ਸਵਾਸਥ ਦਾ ਧਿਆਨ ਰਹੇ ਅਤੇ ਕੇਵਲ ਮੁਕਾਬਲਿਆਂ ਵਿੱਚ ਭਾਗ ਲੈਂਣ ਵਾਲੇ ਹੀ ਨਹੀਂ ਸਗੋਂ ਦੂਜੇ ਵੀ ਘੱਟੋ ਘੱਟ ਸੈਰ ਜਾਂ ਹਲਕੀ ਫੁਲਕੀ ਵਰਜ਼ਿਸ਼ ਨਾਲ ਆਪਣੇ ਸ਼ਰੀਰ ਨੂੰ ਚੁਸਤ ਰਖੱਣ । ਬਹਿਰ ਹਾਲ ਇਹਨਾਂ ਇਜਤਮਾਵਾਂ (ਸਮਾਰੋਹਾਂ) ਦਾ ਮੰਤਵ ਇਹ ਹੈ ਕਿ ਸਾਡਾ ਆਪਣੇ ਧਾਰਮਕ ਤੇ ਵਿਦਿਅਕ ਗੁਣਾ ਨੂੰ ਉਜਾਗਰ ਕਰਨ ਵੱਲ ਧਿਆਨ ਹੋਵੇ ।

ਅੰਸਾਰੁਲੱਾਹ ਦੀ ਉਮਰ ਤਾਂ ਇਕ ਅਜਿਹੀ ਉਮਰ ਹੈ ਜਿਸ ਵਿੱਚ ਮਨੁੱਖ ਦੀ ਸੋਚ ਪੱਕੀ ਹੁੰਦੀ ਹੈ ਅਤੇ ਉਹਨਾਂ ਨੂੰ ਆਪ ਆਪਣੀਆਂ ਜ਼ਿੰਮੇਦਾਰੀਆਂ ਦਾ ਇਹਸਾਸ ਹੋਣਾ ਚਾਹੀਦਾ ਹੈ । ਹਰ ਮਨੁੱਖ ਜੋ ਅੰਸਾਰੁਲੱਾਹ ਦਾ ਮੈਂਬਰ ਹੈ ਇਸਲਾਮ ਦੀ ਮਜ਼ਬੂਤੀ ਅਤੇ ਅਹਮਦੀਅਤ ਉਪੱਰ ਸੱਚੇ ਮਨ ਨਾਲ ਕਾਇਮ ਹੋਣ ਦਾ ਜਤਨ ਕਰੇ ਅਤੇ ਇਹ ਗੱਲ ਰੱਬ ਨਾਲ ਸੰਬੰਧ ਬਿਨਾਂ ਕਾਇਮ ਨਹੀਂ ਹੋ ਸਕਦੀ । ਇਸ ਲਈ ਹਰ ਅਹਮਦੀ ਨੂੰ ਜਤਨ ਕਰਨਾ ਚਾਹੀਦਾ ਹੈ ਅਤੇ ਅੰਸਾਰੁਲੱਾਹ ਦੇ ਮਿਆਰ ਸਭ ਤੋਂ ਉਚੱਤਮ ਹੋਣੇ ਚਾਹੀਦੇ ਹਨ । ਰੱਬ ਨਾਲ ਸੰਬੰਧ ਉਸ ਸਮੇਂ ਤੱਕ ਪੂਰਨ ਨਹੀਂ ਹੋ ਸਕਦਾ ਜੱਦ ਤੱਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਸੰਬੰਧ ਨ ਹੋਵੇ ਜਿਸ ਬਾਰੇ ਰੱਬ ਨੇ ਸਾਨੂੰ ਆਪ ਆਦੇਸ਼ ਦਿੱਤਾ ਹੈ ਕਿ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਉਪੱਰ ਦੁਰੂਦ ਤੇ ਸਲਾਮ ਭੇਜਿਆ ਕਰੋ, ਇਸ ਵੱਲ ਧਿਆਨ ਦਿਓ । ਸੋ, ਇਹ ਬਹੁਤ ਜ਼ਰੂਰੀ ਚੀਜ਼ ਹੈ । ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਦਾ ਹੱਕ ਪੂਰਾ ਕਰਨਾ ਹੈ । ਇਸ ਜ਼ਮਾਨੇ ਵਿੱਚ ਰੱਬ ਨੇ ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰਨ ਦੀ ਪੂਰਨਤਾ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਹੈ ਅਤੇ ਅਹਮਦੀਅਤ ਉਪੱਰ ਸੱਚੇ ਮਨ ਨਾਲ ਕਾਇਮ ਹੋਣਾ, ਫਿਰ ਹੀ ਪ੍ਰਮਾਣਤ ਹੋਵੇਗਾ ਜੱਦ ਅਸੀਂ ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰਣ ਵਿੱਚ ਭਰਪੂਰ ਭਾਗ ਲੈਂਦਿਆਂ ਹੋਇਆਂ ਆਪਣੇ ਆਪ ਨੂੰ ਅੰਸਾਰੁਲੱਾਹ ਸਾਬਤ ਕਰਾਂਗੇ । ਸੋ, ਇਕ ਤਾਂ ਇਹ ਜ਼ਿੰਮੇਦਾਰੀ ਹੈ ।

ਫਿਰ ਆਪ ਨੇ ਇਕ ਪ੍ਰਣ ਇਹ ਵੀ ਕੀਤਾ ਹੈ ਕਿ ਖ਼ਿਲਾਫ਼ਤੇ ਅਹਮਦੀਆ ਨਾਲ ਵਫ਼ਾਦਾਰੀ ਦਾ ਸੰਬੰਧ ਅਤੇ ਉਸ ਦੀ ਸੁਰੱਖਿਆ ਲਈ ਜਤਨ ਕਰਾਂਗੇ । ਇਹ ਜਤਨ ਕਿਵੇਂ ਹੋਵੇਗਾ । ਇਹ ਜਤਨ ਫਿਰ ਹੀ ਹੋ ਸਕਦਾ ਹੈ ਜੱਦ ਅੰਸਾਰ ਖ਼ਿਲਾਫ਼ਤ ਦੇ ਕੰਮਾ ਅਤੇ ਪ੍ਰੋਗਰਾਮਾਂ ਨੂੰ ਅੱਗੇ ਵਧਾਉਣ ਲਈ ਉਸ ਦੇ ਸਹਾਇਕ ਬਣਨਗੇ ਅਤੇ ਇਹ ਫਿਰ ਹੀ ਹੋ ਸਕਦਾ ਹੈ ਜੱਦ ਅੰਸਾਰ ਆਪਣੇ ਆਪ ਨੂੰ ਸਮੇਂ ਦੇ ਖ਼ਲੀਫ਼ਾ ਦੀਆਂ ਗੱਲਾਂ ਨੂੰ ਸੁਨਣ ਵੱਲ ਧਿਆਨ ਦੇਣਗੇ ਅਤੇ ਉਸ ਦੇ ਲਈ ਰੱਬ ਨੇ ਸਾਨੂੰ ਇਸ ਜੁੱਗ ਵਿੱਚ ਐਮ.ਟੀ.ਏ. ਦਾ ਉਪਹਾਰ ਸਾਨੂੰ ਬਖ਼ਸ਼ਿਆ ਹੈ । ਸੋ, ਅੰਸਾਰੁਲੱਾਹ ਨੂੰ ਆਪਣੇ ਆਪ ਨੂੰ ਇਸ ਨਾਲ ਜੋੜਨ ਦੀ ਲੋੜ ਹੈ । ਇਸੇ ਪ੍ਰਕਾਰ ਆਪਣੀ ਸੰਤਾਨ ਨੂੰ ਵੀ । ਇਹ ਵੀ ਪ੍ਰਣ ਕੀਤਾ ਕਿ ਸੰਤਾਨ ਨੂੰ ਵੀ ਖ਼ਿਲਾਫ਼ਤ ਨਾਲ ਜੋੜਨਗੇ । ਇਸ ਲਈ ਸੰਤਾਨ ਨੂੰ ਵੀ ਇਸ ਰਾਹੀਂ ਖ਼ਿਲਾਫ਼ਤ ਨਾਲ ਜੋੜ ਦਿਓ ਤਾਂ ਜੋ ਸੰਤਾਨ ਪਿੱਛੋਂ ਸੰਤਾਨ ਇਹ ਵਫ਼ਾਦਾਰੀ ਦੀ ਲੜੀ ਚਲਦੀ ਰਹੇ ਅਤੇ ਸਿਥਰ ਰਹੇ ਤਾਂ ਜੋ ਇਸਲਾਮ ਦੀ ਸੇਵਾ ਅਤੇ ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰਣ ਹਮੇਸ਼ਾ ਜਾਰੀ ਰਹੇ, ਕਿਉਂਕਿ ਇਸ਼ਾਤੇ ਇਸਲਾਮ (ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰ) ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਮ ਦੇ ਬਾਦ ਆਪ ਜੀ ਦੀ ਹੀ ਘੋਸ਼ਣਾ ਅਨੁਸਾਰ ਕੁਦਰਤੇ ਸਾਨੀਆ ਰਾਹੀਂ ਹੋਣਾ ਹੈ ਜੋ ਕਿ ਖ਼ਿਲਾਫ਼ਤ ਦੀ ਵਿਵਸਥਾ ਹੈ । ਸੋ, ਇਸ ਲਈ ਹਰ ਕੁਰਬਾਨੀ ਦੇ ਪ੍ਰਣ ਉਪੱਰ ਨਜ਼ਰ ਰਖੱਣੀ ਹੈ, ਇਹ ਪ੍ਰਣ ਆਪ ਨੇ ਕੀਤਾ ਹੈ ਕਿ ਹਰ ਕੁਰਬਾਨੀ ਕਰਾਂਗੇ ਇਸ'ਤੇ ਨਜ਼ਰ ਰੱਖੋ । ਅਲੱਾਹ ਤਆਲਾ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

ਇਸੇ ਪ੍ਰਕਾਰ ਜਿਵੇਂ ਕਿ ਮੈਂ ਕਿਹਾ ਕਿ ਲਜਨਾ ਇਮਾਇਲੱਾਹ ਦਾ ਇਜਤਮਾ ਵੀ ਹੋ ਰਿਹਾ ਹੈ । ਲਜਨਾ ਇਮਾਇਲੱਾਹ ਦਾ ਵੀ ਇਕ ਅਹਿਦ (ਪ੍ਰਣ) ਹੈ ਜਿਸ ਨੂੰ ਉਹਨਾਂ ਨੂੰ ਹਰ ਸਮੇਂ ਸਾਹਮਣੇ ਰਖੱਣਾ ਚਾਹੀਦਾ ਹੈ । ਰੱਬ ਦੀ ਮਿਹਰ ਨਾਲ ਲਜਨਾ ਇਮਇਲੱਾਹ ਦੀ ਬਹੁਤੀ ਵੱਡੀ ਗਿਣਤੀ ਧਰਮ ਉਪੱਰ ਵਫ਼ਾਦਾਰੀ ਨਾਲ ਕਾਇਮ ਹੈ । ਆਸਥਾ ਦੇ ਪੱਖੋਂ ਅਧਿਕਤਰ ਮਜ਼ਬੂਤ ਹਨ ਪਰ ਹਰ ਅਹਮਦੀ ਇਸਤਰੀ ਨੂੰ ਆਪਣੀ ਅਮਲੀ ਹਾਲਤ ਨੂੰ ਵੀ ਇਸ ਮਿਆਰ ਉਪੱਰ ਲਿਆਉਣਾ ਹੋਵੇਗਾ ਜੋ ਰੱਬ ਅਤੇ ਰਸੂਲ ਦਾ ਆਦੇਸ਼ ਹੈ । ਜਿਵੇਂ ਕਿ ਮੈਂ ਕਿਹਾ ਲਜਨਾ ਇਮਾਇਲੱਾਹ ਦਾ ਵੀ ਇਕ ਅਹਿਦ (ਪ੍ਰਣ) ਹੈ ਕਿ ਅਸੀਂ ਆਪਣੇ ਧਰਮ ਦੀ ਖ਼ਾਤਰ ਹਰ ਕੁਰਬਾਨੀ ਲਈ ਤਿਆਰ ਰਹਿਣਗੀਆਂ ਤਾਂ ਪਹਿਲੀ ਕੁਰਬਾਨੀ ਜੋ ਧਰਮ ਮੰਗਦਾ ਹੈ ਉਹ ਇਹ ਹੈ ਕਿ ਆਪਣੀਆਂ ਸਾਰੀਆਂ ਸੰਸਾਰਕ ਇਛੱਾਵਾਂ ਨੂੰ ਪਿੱਛੇ ਪਾ ਕੇ ਆਪਣੀ ਅਮਲੀ ਹਾਲਤ ਨੂੰ ਧਰਮ ਦੀ ਸਿੱਖਿਆ ਅਨੁਸਾਰ ਢਾਲਣ । ਇਕ ਅਹਮਦੀ ਇਸਤਰੀ ਵਿੱਚ ਸਚੱਾਈ ਦੇ ਉਚੱਤਮ ਮਿਆਰ ਹੋਣੇ ਚਾਹੀਦੇ ਹਨ । ਫਿਰ ਇਸਤਰੀਆਂ ਨਾਲ ਸੰਬੰਧਤ ਜੋ ਆਦੇਸ਼ ਹਨ ਉਹਨਾਂ ਉਪੱਰ ਅਮਲ ਕਰਨ ਦੇ ਜਤਨ ਹਨ । ਇਸਤਰੀਆਂ ਨੂੰ ਆਪਣੀ ਪਵਿੱਤਰਤਾ ਅਤੇ ਇਜ਼ੱਤ ਦੀ ਸੁਰੱਖਿਆ ਲਈ ਰੱਬ ਨੇ ਜੋ ਗੱਲਾਂ ਦੱਸੀਆਂ ਹਨ ਉਹਨਾਂ ਵਿੱਚ ਪਰਦੇ ਨੂੰ ਬਹੁਤ ਮਹਤੱਤਾ ਦਿੱਤੀ ਗਈ ਹੈ । ਜੇਕਰ ਇਸ ਵਿੱਚ ਕਿਸੇ ਅਹਮਦੀ ਇਸਤਰੀ ਵਿੱਚ ਕਮਜ਼ੋਰੀ ਹੈ ਤਾਂ ਉਹ ਅਮਲੀ ਰੂਪ ਵਿੱਚ ਆਪਣੇ ਅਹਿਦ ਨੂੰ ਪੂਰਾ ਨਹੀਂ ਕਰ ਰਹੀ । ਸੋ, ਨ ਸਮਾਜ ਦਾ ਡਰ ਨ ਹੀ ਆਪਣੀਆਂ ਸੰਸਾਰਕ ਇਛੱਾਵਾਂ, ਇਹ ਅਹਮਦੀ ਨੂੰ ਧਰਮ ਦੀ

ਸਿੱਖਿਆ ਤੋਂ ਦੂਰ ਕਰਨ ਵਾਲੀ ਹੋਵੇ ਸਗੋਂ ਹਰ ਅਹਮਦੀ ਇਸਤਰੀ ਨੂੰ ਆਪਣੀ ਅਮਲ ਰੂਪੀ ਹਾਲਤ ਨੂੰ ਰੱਬ ਦੀ ਦਿੱਤੀ ਹੋਈ ਸਿੱਖਿਆ ਅਨੁਸਾਰ ਬਤੀਤ ਕਰਨ ਵਾਲਾ ਹੋਣਾ ਚਾਹੀਦਾ ਹੈ ।

ਫਿਰ ਇਕ ਅਹਿਦ (ਪ੍ਰਣ) ਸਚੱਾਈ ਉਪੱਰ ਹਮੇਸ਼ਾ ਕਾਇਮ ਰਹਿਣ ਦਾ ਅਹਿਦ ਹੈ । ਇਸ ਵਿੱਚ ਹਰ ਇਕ ਨੂੰ ਆਪਣੇ ਮਿਆਰਾਂ ਨੂੰ ਦੇਖਣ ਦੀ ਲੋੜ ਹੈ ਕਿ ਕੀ ਅਸੀਂ ਸਚਾਈ ਦੀ ਵਾਸਤਵਿਕ ਆਤਮਾ ਨਾਲ ਇਸ'ਤੇ ਕਾਇਮ ਹਨ ਕਿ ਨਹੀਂ । ਇਸੇ ਪ੍ਰਕਾਰ ਸੰਤਾਨ ਦੀ ਤਰਬੀਯਤ ਦਾ ਅਹਿਦ ਹੈ ਇਸ ਨੂੰ ਭਰਪੂਰ ਢੰਗ ਨਾਲ ਪੂਰਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ, ਖ਼ਿਲਾਫ਼ਤ ਨਾਲ ਬੱਚਿਆਂ ਨੂੰ ਜੋੜਨਾ ਅਤੇ ਉਸ ਲਈ ਜਤਨ ਕਰਨਾ ਜਿਵੇਂ ਪਿਤਾ ਦਾ ਕੰਮ ਹੈ ਉਸੇ ਪ੍ਰਕਾਰ ਮਾਵਾਂ ਦਾ ਵੀ ਕੰਮ ਹੈ । ਸੋ, ਇਸ ਮਹਤੱਵਪੂਰਨ ਜ਼ਿੰਮੇਦਾਰੀ ਨੂੰ ਹਰ ਮਾਂ ਨੂੰ ਸਮਝਣਾ ਚਾਹੀਦਾ ਹੈ । ਅਲੱਾਹ ਤਆਲਾ ਉਹਨਾਂ ਨੂੰ ਵੀ ਤੌਫ਼ੀਕ ਪ੍ਰਦਾਨ ਕਰੇ ।

ਇਸੇ ਪ੍ਰਕਾਰ ਨਾਸਿਰਾਤੁਲ ਅਹਮਦੀਆ ਦਾ ਇਜਤਮਾ ਵੀ ਲਜਨਾ ਇਮਾਇਲੱਾਹ ਦੇ ਨਾਲ ਹੋ ਰਿਹਾ ਹੈ । ਨਾਸਿਰਾਤ ਵੀ ਅਹਿਦ ਕਰਦੀਆਂ ਹਨ, ਉਹਨਾਂ ਨੂੰ ਵੀ ਆਪਣਾ ਅਹਿਦ ਨਿਭਾਉਣਾ ਚਾਹੀਦਾ ਹੈ । ਚੌਦ੍ਹਾਂ ਪੰਦਰ੍ਹਾਂ ਸਾਲ ਦੀ ਉਮਰ ਹੋਸ਼ ਦੀ ਉਮੱਰ ਹੁੰਦੀ ਹੈ ਅਤੇ ਚੰਗਾ ਬੁਰਾ ਸਮਝਣ ਦੀ ਉਮਰ ਹੁੰਦੀ ਹੈ ਅਤੇ ਇਸ ਉਮਰ ਵਿੱਚ ਹੀ ਬਹੁਤ ਸਾਰੀਆਂ ਇਛੱਾਵਾਂ ਵੀ ਹੁੰਦੀਆਂ ਹਨ । ਜੇਕਰ ਦੁਨੀਆ ਵੱਲ ਨਜ਼ਰ ਹੋਵੇ ਤਾਂ ਸੰਸਾਰਤ ਇਛੱਾਵਾਂ ਧਰਮ ਉਪੱਰ ਹਾਵੀ ਹੋ ਜਾਂਦੀਆਂ ਹਨ । ਇਸ ਲਈ ਹਰ ਅਹਮਦੀ ਬੱਚੀ ਨੂੰ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ ਅਤੇ ਆਪਣੇ ਅਹਿਦ ਨੂੰ ਵਾਰ ਵਾਰ ਦਹੁਰਾਉਣ ਦੀ ਲੋੜ ਹੈ ਤਾਂ ਜੋ ਹਰ ਅਹਮਦੀ ਬੱਚੀ ਵਿਅਰਥ ਸੰਸਾਰਕ ਇਛੱਾਵਾਂ ਪਿੱਛੇ ਚਲੱਣ ਦੀ ਥਾਂ ਉਚੱਤਮ ਉਦੇਸ਼ਿਆਂ ਦੀ ਪ੍ਰਾਪਤੀ ਲਈ ਜਤਨ ਕਰਨ ਵਾਲੀ ਹੋਵੇ । ਅਤੇ ਉਹ ਉਚੱਤਮ ਓਦੇਸ਼ ਨਾਸਿਰਾਤ ਦੇ ਅਹਿਦ ਵਿੱਚ ਵਰਨਣ ਕੀਤੇ ਗਏ ਹਨ ।

ਇਜਤਮਾ ਦੇ ਪੱਖੋਂ ਇਸ ਸੰਖੇਪ ਜਿਹੇ ਬਿਬਰਣ ਮਗਰੋਂ ਮੈਂ ਇਕ ਬਹੁਤ ਹੀ ਪਿਆਰੇ ਬੱਚੇ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜੋ ਬੀਤੇ ਦਿਨੀ ਸਾਥੋਂ ਜੁਦਾ ਹੋਇਆ ਹੈ ।

ਜਿਸ ਬੱਚੇ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਉਸ ਦਾ ਨਾਂ ਮਜ਼ਹਰ ਅਹਸਨ ਸੀ । ਬਿਮਾਰੀ ਕਰਕੇ ਅਖੀਰਲੇ ਸਾਲ ਦੀ ਪ੍ਰੀਖਿਆ ਨਹੀਂ ਦੇ ਸਕਿਆ ਸੀ, ਪਰ ਜਿਵੇਂ ਇਸ ਪਿਆਰੇ ਨੌਜੁਆਨ ਨੇ ਜੀਵਨ ਲੰਘਾਇਆ ਹੈ ਉਹ ਮੁਰੱਬੀ ਤੇ ਮੁਬੱਲਗ਼ ਸੀ । ਪ੍ਰੀਖਿਆ ਪਾਸ ਕਰਦਾ ਜਾਂ ਨ ਕਰਦਾ । ਰੱਬ ਨੇ ਉਸ ਨੌਜੁਆਨ ਅੰਦਰ ਇਕ ਜੋਸ਼ ਪੈਦਾ ਕੀਤਾ ਹੋਇਆ ਸੀ ਕਿ ਕਿਵੇਂ ਧਰਮ ਦੀ ਸੇਵਾ ਕਰਨੀ ਹੈ, ਕਿਵੇਂ ਆਪਣੇ ਅਖ਼ਲਾਕ (ਆਚਰਣ) ਅਤੇ ਆਪਣੀ ਹਾਲਤ ਨੂੰ ਰੱਬ ਦੇ ਦੱਸੇ ਹੋਏ ਆਦੇਸ਼ਾਂ ਅਨੁਸਾਰ ਢਾਲ੍ਹਣਾ ਹੈ ਅਤੇ ਉਸ'ਤੇ ਅਮਲ ਕਰਨਾ ਹੈ । ਹਰ ਮਨੁੱਖ ਜੋ ਦੁਨੀਆ ਵਿੱਚ ਆਇਆ ਹੈ ਉਸ ਨੇ ਇਕ ਦਿਨ ਏਥੋਂ ਜਾਣਾ ਹੈ ਪਰ ਖ਼ੁਸ ਕਿਸਮਤ ਹੁੰਦੇ ਹਨ ਉਹ ਜੋ ਆਪਣੇ ਜੀਵਨ ਨੂੰ ਰੱਬ ਦੀ ਰਜ਼ਾ ਅਨੁਸਾਰ ਢਾਲ੍ਹਣ ਦਾ ਜਤਨ ਕਰਦੇ ਹਨ ਅਤੇ ਇਸ ਵਿੱਚ ਸਫ਼ਲ ਵੀ ਹੋ ਜਾਂਦੇ ਹਨ ।

ਇਸ ਪਿਆਰੇ ਨੌਜੁਆਨ ਬਾਰੇ ਜਾਮਿਆ ਅਹਮਦੀਆ ਦੇ ਵਿਦਿਆਰਥੀ, ਉਸ ਦੇ ਮਿੱਤਰ ਤੇ ਉਸ ਦੇ ਉਸਤਾਦ ਮੈਂਨੂੰ ਲਿੱਖ ਰਹੇ ਹਨ ਅਤੇ ਇਹ ਕੇਵਲ ਰਸਮੀ ਗੱਲਾਂ ਨਹੀਂ ਹਨ ਕਿ ਇਕ ਵਿਅਕਤੀ ਫ਼ੌਤ ਹੋ ਗਿਆ ਤਾਂ ਉਸ ਦੇ ਸਦਗੁਣਾ ਦਾ ਜ਼ਿਕਰ ਕਰੇ ਸਗੋਂ ਮੈਂ ਵਿਅਕਤੀਗੱਤ ਰੂਪ ਵਿੱਚ ਜਾਣਦਾ ਹਾਂ ਕਿ ਉਹ ਈਮਾਨਦਾਰੀ, ਵਫ਼ਾਦਾਰੀ ਤੇ ਅਮਲ ਦੀ ਇਕ ਉਧਾਰਣ ਸੀ । ਅਲੱਾਹ ਤਆਲਾ ਉਸਦੇ ਦਰਜੇ ਬੁਲੰਦ ਕਰੇ । ਪਿਆਰਾ ਨੌਜੁਆਨ ਆਪਣੇ ਮਾਂਪਿਆਂ ਦਾ ਇਕਲੌਤਾ ਪੁਤੱਰ ਸੀ, ਉਸ ਦੀਆਂ ਦੋ ਭੈਣਾ ਹਨ । ਮਾਂਪਿਆਂ ਨੇ ਵਿਸ਼ੇਸ਼ ਰੂਪ ਵਿੱਚ ਮਾਂ ਨੇ ਸਬਰ ਦਾ ਤੇ ਰੱਬ ਦੀ ਰਜ਼ਾ ਉਪੱਰ ਕਾਇਮ ਰਹਿਣ ਦਾ ਚੰਗਾ ਨਮੂਨਾ ਦਿਖਾਇਆ ਹੈ । ਅਲੱਾਹ ਤਆਲਾ ਉਹਨਾਂ ਨੂੰ ਇਸ ਦਾ ਚੰਗਾ ਵਟਾਂਦਰਾ ਪ੍ਰਦਾਨ ਕਰੇ ਅਤੇ ਉਹਨਾਂ ਨੂੰ ਸਬਰ ਸਹਿਨਸ਼ੀਲਤਾ ਵਿੱਚ ਚਵਾਧਉਂਦਾ ਚਲਾ ਜਾਵੇ । ਉਹਨਾਂ ਸਾਰਿਆਂ ਨੂੰ ਆਪਣੀ ਜਨਾਬ ਤੋਂ ਸ਼ਾਂਤੀ ਤੇ ਸਬਰ ਦੇ ਸਾਧਨ ਪ੍ਰਦਾਨ ਕਰੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਥਾਂ ਫਰਮਾਇਆ ਕਿ ਚੇਤੇ ਰੱਖੋ ਕਿ ਮੁਸੀਬਤ ਦੇ ਜ਼ਖ਼ਮਾ ਲਈ ਕੋਈ ਮਰਹਮ ਅਜਿਹੀ ਸ਼ਾਂਤੀ ਬਖ਼ਸ਼ ਤੇ ਸਕੂਨ ਬਖ਼ਸ਼ ਨਹੀਂ ਜਿੰਨ੍ਹਾ ਕਿ ਰੱਬ ਉਪੱਰ ਭਰੋਸਾ ਕਰਨਾ ਹੈ । ਸੋ, ਹਮੇਸ਼ਾ ਰੱਬ ਉਪੱਰ ਹੀ ਭਰੋਸਾ ਹੋਣਾ ਚਾਹੀਦਾ ਹੈ । ਇਸ ਬੱਚੇ ਨੂੰ ਕੈਂਸਰ ਹੋਇਆ ਸੀ ਅਤੇ ਰੱਬ ਦੀ ਮਿਹਰ ਨਾਲ ਇਲਾਜ ਨਾਲ ਸਵਸਥ ਵੀ ਹੋ ਗਿਆ ਸੀ, ਪਰ ਬਾਦ ਵਿੱਚ ਛਾਤੀ ਦੀ ਅਜਿਹੀ ਇੰਫ਼ੈਕਸ਼ਨ ਹੋਈ ਜਿਸ ਦਾ ਡਾਕਟਰਾਂ ਨੂੰ ਪਤਾ ਨ ਲੱਗ ਸਕਿਆ, ਜਿਸ ਕਰਕੇ ਉਸ ਦੀ ਮੌਤ ਹੋ ਗਈ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ()

ਮਰਹੂਮ ਦੇ ਪਰਦਾਦਾ ਹਜ਼ਰਤ ਮਿਸਤਰੀ ਨਿਜ਼ਾਮੁੱਦੀਨ ਸਾਹਬ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬੀ ਸਨ ਅਤੇ ਉਹਨਾਂ ਦੇ ਨਾਨਾ ਮੁਹਤਰਮ ਚੌਧਰੀ ਮੁਨਵੱਰ ਅਲੀ ਖ਼ਾਨ ਸਾਹਬ ਅਤੇ ਦਾਦਾ ਹਾਜੀ ਮਨਜ਼ੂਰ ਅਹਮਦ ਸਾਹਬ ਦੋਵੇਂ ਦਰਵੇਸ਼ਾਨੇ ਕਾਦੀਆਂ ਵਿੱਚੋਂ ਸਨ ।

ਉਹਨਾਂ ਦੀ ਮਾਂ ਕਹਿੰਦੀ ਹਨ ਕਿ ਮੈਨੂੰ ਮਸ਼ਵਰੇ ਦੇਣ ਵਾਲਾ ਮੇਰਾ ਭੇਤੀ ਅਤੇ ਇਕ ਉਸਤਾਦ ਵਾਂਗ ਮੇਰੀ ਤਰਬੀਯਤ ਕਰਨ ਵਾਲਾ ਸੀ । ਉਸ ਨੂੰ ਇਹ ਵੀ ਪਤਾ ਸੀ ਕਿ ਮੇਰੀ ਮਾਂ ਕਿੰਨ੍ਹਾ ਗੱਲਾਂ ਤੋਂ ਖੁਸ਼ ਹੁੰਦੀ ਹਨ ਅਤੇ ਕਿੰਨ੍ਹਾ ਗੱਲਾਂ ਤੋਂ ਨਫ਼ਰਤ ਕਰਦੀ ਹਨ । ਅਧਿਕਤਰ ਉਹ ਮੇਰੇ ਨਾਲ ਖ਼ਿਲਾਫ਼ਤ ਦੀ ਵਿਵਸਥਾ, ਸਮੇਂ ਦੇ ਖ਼ਲੀਫ਼ਾ, ਜਮਾਤ ਤੇ ਸਭ ਤੋਂ ਵਧੱਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅਤੇ ਆਪ ਦੇ ਸਹਾਬਾ ਅਤੇ ਆਪ ਦੇ ਸੱਚੇ ਆਸ਼ਕ ਹਜ਼ਰਤ ਮਸੀਹ ਮੌਊਦਅਲੈਹਿ ਸਲਾਮ ਦੀਆਂ ਗੱਲਾ ਕੀਤਾ ਕਰਦਾ ਸੀ ਅਤੇ ਇਹੋ ਟਾਪਿਕ (Topic) ਉਸ ਨੂੰ ਪਸੰਦ ਸਨ । ਜੇਕਰ ਸੰਸਾਰਕ ਗੱਲਾ ਵਿੱਚ ਆ ਜਾਂਦੀਆਂ ਤਾਂ ਕਹਿੰਦਾ ਛੱਡ ਦਿਓ ਸਾਡਾ ਇਹਨਾਂ ਨਾਲ ਕੀ ਸੁਆਰਥ । ਬਿਮਾਰੀ ਸਮੇਂ ਉਸ ਦਾ ਮਿਜ਼ਾਜ ਵਿੱਚ ਹੋਰ ਵੀ ਵੀ ਠਹਿਰਾਉ ਤੇ ਨਰਮੀ ਆ ਗਈ ਸੀ ਅਤੇ ਕਦੇ ਵੀ ਕੋਈ ਚਿੜਚਿੜਾ ਪਨ ਅਤੇ ਗੁਸੱਾ ਉਸ ਦੇ ਸੁਭਾਵ ਵਿੱਚ ਨਹੀਂ ਦੇਖਿਆ ਗਿਆ । ਜੱਦ ਇਹ ਪਹਿਲੇ ਰੋਗ ਨਾਲ ਠੀਕ ਹੋ ਗਿਆ ਤਾਂ ਅਮੀਰ ਸਾਹਬ ਸਕਾਟਲੈਂਡ ਨੂੰ ਉਸ ਨੇ ਕਿਹਾ ਕਿ ਮੈਥੋਂ ਕੁਝ ਜਮਾਤੀ ਕੰਮ ਲੈਂਣ ।

ਇਸੇ ਪ੍ਰਕਾਰ ਨਾਸਿਰਾਤ ਤੇ ਲਜਨਾ ਇਮਾਇਲੱਾਹ ਦਾ ਇਜਤਮਾ ਸੀ ਸਕਾਟਲੈਂਡ ਦਾ ਤਾਂ ਉਸ ਨੇ ਉਹਨਾਂ ਲਈ ਸਰਟੀਫ਼ਿਕੇਟ ਡਿਜ਼ਾਈਨ ਕੀਤੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਪੁਸਤਕਾਂ ਦਾ ਬਕਾਇਦਾ ਅਧਿਐਨ ਕਰਨ ਵਾਲਾ ਸੀ ।

ਹਸਪਤਾਲ ਵਿੱਚ ਨਮਾਜ਼ ਤਲਾਵਤ ਅਤੇ ਐਮ.ਟੀ.ਏ. ਉਪੱਰ ਖ਼ੁਤਬੇ ਜ਼ਰੂਰ ਸੁਣਦਾ ਸੀ । ਡਾਕਟਰਾਂ ਨੂੰ ਪੀਸ ਕਾਂਫ਼੍ਰੈਂਸ, ਜਲਸਾ ਅਤੇ ਜਮਾਤ ਦੀਆਂ ਵੱਖ ਵੱਕ ਐਕਟੀਵਿਟੀਜ਼ ਦੇ ਪੱਖੋਂ ਹਮੇਸ਼ਾ ਪ੍ਰਚਾਰ ਕਰਦਾ ਰਹਿੰਦਾ ਸੀ । ਹਜ਼ੂਰ ਅਨਵਰ ਨੇ ਫ਼ਰਮਾਇਆ : ਜਲਸਾ ਸਾਲਾਨਾ ਦੇ ਬਾਦ ਜੋ ਮੁਰੱਬੀਆਂ ਦੀ ਮੀਟਿੰਗ ਹੁੰਦੀ ਹੈ ਉਸਦੀ ਕਲਾਸ ਵੀ ਪਾਸ ਹੋਕੇ ਮੀਟਿੰਗ ਵਿੱਚ ਸ਼ਾਮਲ ਹੋਈ ਤਾਂ ਉਹਨਾਂ ਨੂੰ ਸੰਦੇਸ਼ ਦਿੱਤਾ ਕਿ ਜੋ ਵੀ ਮੀਟਿੰਗ ਦੇ ਪੁਆਇੰਟਸ ਹਨ ਮੈਨੂੰ ਲਿੱਖ ਕੇ ਭੇਜਣ ਤਾਂ ਜੋ ਮੈਂ ਵੀ ਉਹਨਾਂ ਨੂੰ ਆਪਣੇ ਜੀਵਨ ਦਾ ਹਿਸੱਾ ਬਣਾਵਾਂ । ਖਿਲਾਫ਼ਤ ਨਾਲ ਅਤਿਅੰਤ ਪਿਆਰ ਸੀ ।

ਕੀਮੋਥਰੈਪੀ (Chemotherapy) ਸਮੇਂ ਵੀ ਡਾਕਟਰਾਂ ਨੂੰ ਪ੍ਰਚਾਰ ਕਰਦਾ ਰਿਹਾ । ਰੱਬ ਉਪੱਰ ਬਹੁਤ ਭਰੋਸਾ ਸੀ ਅਤੇ ਕਿਸੇ ਗੱਲ ਦੀ ਚਿੰਤਾ ਨਹੀਂ ਸੀ ਹਮੇਸ਼ਾ ਇਹੋ ਕਿਹਾ ਕਰਦਾ ਸੀ ਕਿ ਰੱਬ ਨਸ਼ਟ ਨਹੀਂ ਕਰੇਗਾ ਮੈਨੂੰ, ਬਹਿਰਹਾਲ ਰੱਬ ਉਸ ਨੂੰ ਏਥੋਂ ਲੈ ਗਿਆ ਹੈ ਤਾਂ ਇੰਸ਼ਾਅਲੱਾਹ ਅਗਲੇ ਜਹਾਨ ਵਿੱਚ ਆਸ ਹੈ ਕਿ ਉਸ ਦੀਆਂ ਇਛੱਾਵਾਂ ਪੂਰੀਆਂ ਹੋ ਰਹੀਆਂ ਹੋਣਗੀਆਂ । ਡਾਕਟਰ ਹਫੀਜ਼ ਸਾਹਬ ਕਹਿੰਦੇ ਹਨ ਕਿ ਮੈਂ ਮਜ਼ਹਰ ਨੂੰ ਕੈਂਸਰ ਦੀ ਡਾਇਗਨੋਜ਼ (Diagnose) ਦੇ ਬਾਦ ਗਲਾਸਕੋ ਮਿਲਣ ਲਈ ਗਿਆ ਤਾਂ ਉਸ ਨੂੰ ਬਹੁਤ ਹੀ ਭਰੋਸੇਮੰਦ ਮਨੁੱਖ ਦੇਖਿਆ, ਉਹਨਾਂ ਦੀ ਮਾਂ ਨੇ ਕਿਹਾ ਕਿ ਇਹ ਹਮੇਸ਼ਾ ਇਹ ਕਹਿੰਦਾ ਹੈ ਕਿ ਰੱਬ ਦੇ ਉਪਕਾਰਾਂ ਨੂੰ ਹਮੇਸ਼ਾ ਯਾਦ ਕਰਦੇ ਰਿਹਾ ਕਰੋ ।

ਹਾਫ਼ਿਜ਼ ਫ਼ਜ਼ਲੇ ਰੱਬੀ ਸਾਹਬ ਕਹਿੰਦੇ ਹਨ ਕਿ ਕੁਰਆਨ ਕਰੀਮ ਸਿਖੱਣ ਦਾ ਅਤਿਅੰਤ ਸ਼ੌਕ ਸੀ, ਬਹੁਤ ਹੀ ਪਿਆਰੀ ਤੇ ਦਰਦ ਭਰੀ ਆਵਾਜ਼ ਨਾਲ ਤਲਾਵਤ ਕਰਿਆ ਕਰਦਾ ਸੀ । ਅਤੇ ਜਾਮਿਆ ਵਿੱਚ ਆਉਣ ਤੋਂ ਪਹਿਲਾਂ ਵੀ ਨੈਸ਼ਨਲ ਤਾਲੀਮੁਲ ਕੁਰਆਨ ਕਲਾਸ ਵਿੱਚ ਸ਼ਾਮਲ ਹੋਣ ਲਈ ਆਪਣੀ ਫ਼ੈਮਲੀ ਨਾਲ ਗਲਾਸਕੋ ਤੋਂ ਲੰਦਨ ਆਇਆ ਕਰਦੇ ਸਨ । ਕਹਿੰਦੇ ਹਨ ਕਿ ਕੁਝ ਇਮਿਗ੍ਰੇਸ਼ਨ ਦੀਆਂ ਸਮੱਸਿਆਵਾਂ ਸਨ । ਕੇਸ ਪਾਸ ਨਹੀਂ ਹੋ ਰਿਹਾ ਸੀ, ਇਸ ਕਰਕੇ ਜਾਮਿਆ ਵਿੱਚ ਪੜ੍ਹਦਿਆਂ ਹੋਇਆਂ ਵੀ ਹਰ ਦੂਜੇ ਹਫ਼ਤੇ ਗਲਾਸਕੋ ਜਾਣਾ ਪੈਂਦਾ ਸੀ । ਮੈਂ ਕਿਹਾ ਤੁਹਾਨੂੰ ਬਹੁਤ ਕਸ਼ਟ ਹੁੰਦਾ ਹੋਵੇਗਾ ਤਾਂ ਕਹਿਣ ਲਗੱਾ ਕਿ ਕਿਸੇ ਮਹਾਨ ਉਦੇਸ਼ ਲਈ ਛੋਟੇ ਕਸ਼ਟ ਕੋਈ ਕਸ਼ਟ ਨਹੀਂ ਹੁੰਦੇ । ਇਕ ਜਾਮਿਆ ਦੇ ਉਸਤਾਦ ਹਨ ਵਸੀਮ ਫ਼ਜ਼ਲ ਸਾਹਬ ਉਹ ਕਹਿੰਦੇ ਹਨ ਕਿ ਮਜ਼ਹਰ ਅਹਸਨ ਬਹੁਤ ਯੋਗ, ਗੰਭੀਰ, ਸਤਿਕਾਰ ਕਰਨ ਵਾਲਾ ਤੇ ਦ੍ਰਿੜ੍ਹ ਸੰਕਲਪ ਵਿਦਿਆਰਥੀ ਸੀ, ਇਸ ਦੀ ਗਿਣਤੀ ਕੁਝ ਚੁਣੇ ਹੋਏ ਵਿਦਿਆਰਥੀਆਂ ਵਿੱਚ ਹੁੰਦਾ ਸੀ ਜੋ ਆਪਣੀ ਜ਼ਿੰਮੇਦਾਰੀ ਨੂੰ ਭਲੀਭਾਂਤ ਈਮਾਨਦਾਰੀ, ਵਫ਼ਾਦਾਰੀ, ਪ੍ਰੇਮ ਤੇ ਲਗਨ ਨਾਲ ਨੇਪਰੇ ਚਾੜ੍ਹਦੇ ਸਨ । ਪ੍ਰਬੰਧਕੀ ਕਾਰਜਾਂ ਵਿੱਚ ਬਹੁਤ ਚੰਗੇ ਸਨ ।

ਹਾਫ਼ਿਜ਼ ਮਸ਼ਹੂਦ ਸਾਹਬ ਕਹਿੰਦੇ ਹਨ ਕਿ ਕੁਝ ਸਮਾਂ ਪਹਿਲਾਂ ਜੱਦ ਪਿਆਰੇ ਨੌਜੁਆਨ ਨਾਲ ਫ਼ੋਨ'ਤੇ ਗੱਲ ਹੋਈ ਤਾਂ ਇਸ ਨੇ ਵਿਅਕਤ ਕੀਤਾ ਕਿ ਮੈਂ ਛੇਤੀ ਠੀਕ ਹੋਕੇ ਮੁਬਲੱਗ਼ ਵੱਜੋਂ ਧਰਮ ਦੀ ਸੇਵਾ ਕਰਨਾ ਚਾਹੁੰਦਾ ਹਾਂ ਅਤੇ ਕਿਹਾ ਕਿ ਹੁਣ ਜੱਦ ਕਿ ਮੇਰਾ ਇਲਾਜ ਹੋ ਰਿਹਾ ਹੈ ਮੈਂ ਆਪਣੀ ਲੋਕਲ ਜਮਾਤ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ । ਮਲਕ ਅਕਰਮ ਸਾਹਬ ਮੁਰਬੀ ਸਿਲਸਿਲਾ ਨੇ ਲਿੱਖਿਆ ਕਿ ਮਜ਼ਹਰ ਅਹਸਨ ਸਾਹਬ ਦੀ ਫ਼ੈਮਲੀ ਜੱਦ ਦੁਬਈ ਤੋਂ ਗਲਾਸਕੋ ਸ਼ਿਫ਼ਟ ਹੋਈ ਤਾਂ ਮੈਂ ਗਲਾਸਕੋ ਵਿੱਚ ਬਤੌਰ ਮੁਰੱਬੀ ਸੇਵਾ ਕਰ ਰਿਹਾ ਸੀ ਜਿਸ ਦਿਨ ਇਹ ਫ਼ੈਮਲੀ ਗਲਾਸਕੋ ਵਿੱਚ ਆਈ ਉਸ ਦਿਨ ਮਸਜਿਦ ਵਿੱਚ ਕੋਈ ਫ਼ੰਕਸ਼ਨ ਹੋ ਰਿਹਾ ਸੀ ਜਿਸ ਵਿੱਚ ਇਹ ਫ਼ੈਮਲੀ ਵੀ ਸ਼ਾਮਲ ਹੋਈ ਅਤੇ ਅਸੀਂ ਦੇਖਿਆ ਕਿ ਮਜ਼ਹਰ ਆਹਸਨ ਸਾਹਬ ਸਲਾਮ ਦੁਆ ਦੇ ਬਾਦ ਸਿੱਧੇ ਕਿਚਨ ਵਿੱਚ ਚਲੇ ਗਏ ਅਤੇ ਕਿਚਨ ਦੀ ਟੀਮ ਦੇ ਨਾਲ ਸਾਰਾ ਕੰਮ ਮਿਹਨਤ ਤੇ ਲਗਨ ਨਾਲ ਕਰਦੇ ਰਹੇ । ਪਹਿਲੇ ਦਿਨ ਤੋਂ ਲੈਕੇ ਜੱਦ ਤੱਕ ਉਹ ਜਾਮਿਆ ਅਹਮਦੀਆ ਵਿੱਚ ਗਏ ਹਨ ਹਮੇਸ਼ਾ ਮਸਜਿਦ ਤੇ ਜਮਾਤ ਦੀ ਭਰਪੂਰ ਸੇਵਾ ਕਰਦੇ ਰਹੇ । ਅਤਿਅੰਕ ਘੱਟ ਬੋਲਣਾ, ਸਾਫ਼ ਗੋ ਤੇ ਚੰਗੇ ਸੁਭਾਵ ਦਾ ਮਾਲਕ ਦੇਖਣ ਵਿੱਚ ਵੀ ਆਂਤਰਕ ਰੂਪ ਵਿੱਚ ਵੀ । ਨ ਕਦੇ ਗਪੱਾਂ ਸ਼ਪੱਾਂ ਵਿੱਚ ਸ਼ਮਾਲ ਹੋਏ ਨ ਕਦੇ ਸਮਾਂ ਨਸ਼ਟ ਕੀਤਾ । ਉਹਨਾਂ ਨੂੰ ਸਮੇਂ ਦੀ ਉਚਿਤ ਵਰਤੋਂ ਦਾ ਸਲੀਕਾ ਆਉਂਦਾ ਸੀ । ਉਹਨਾਂ ਦੀ ਇਹ ਦਿਲੀ ਇਛੱਾ ਤੇ ਤੜਪ ਸੀ ਕਿ ਉਹਨਾਂ ਦਾ ਵਕਫ਼ ਕਬੂਲ ਹੋ ਜਾਵੇ ਅਤੇ ਜਾਮਿਆ ਅਹਮਦੀਆ ਵਿੱਚ ਧਾਰਮਕ ਸਿੱਖਿਆ ਹਾਸਲ ਕਰਕੇ ਮੁਬਲੱਗ਼ ਬਣਕੇ ਧਰਮ ਦੀ ਸੇਵਰਾ ਕਰਨ ਅਤੇ ਜਿਸ ਦਿਨ ਉਹਨਾਂ ਨੂੰ ਜਾਮਿਆ ਅਹਮਦੀਆ ਵਿੱਚ ਦਾਖ਼ਲਾ ਮਿਲਿਆ ਉਸ ਦਿਨ ਐਨੇ੍ਹ ਖ਼ੁਸ਼ ਸਨ ਕਿ ਸੰਭਵਤਾ ਉਹਨਾਂ ਨੂੰ ਦੁਨੀਆਂ ਜਹਾਨ ਦੀਆਂ ਨੇਮਤਾਂ ਮਿਲ ਗਈਆਂ ਹੋਣ ।

ਇਕ ਮੁਰੱਬੀ ਉਹਨਾਂ ਦੇ ਕਲਾਸਫ਼ੈਲੋ ਸ਼ੇਖ਼ ਸਮਰ ਕਹਿੰਦੇ ਹਨ ਕਿ ਹਮੇਸ਼ਾ ਮੁਸਕਾਰਉਂਦੇ ਅਤੇ ਲੋਕਾਂ ਨੂੰ ਖ਼ੁਸ਼ ਰਖੱਦੇ, ਕਦੇ ਕਿਸੇ ਨਾਲ ਲੜਾਈ ਨਹੀਂ ਕੀਤੀ । ਦਿਲ ਉਸਦਾ ਬਹੁਤ ਵਡੱਾ ਸੀ । ਹਰ ਮੌਕੇ ਪ੍ਰਚਾਰ ਕਰਦਾ ਕੋਈ ਵੀ ਮੌਕਾ ਹੱਥੋਂ ਖ਼ਾਲੀ ਨਹੀਂ ਜਾਣ ਦਿੰਦਾ । ਹਸਪਤਾਲ ਵਿੱਚ ਸੀ ਤਾਂ ਉਧੱਰ ਵੀ ਬਹੁਤ ਪ੍ਰਸਿੱਧ ਸੀ ਕਿ ਇਹ ਮੁਸਲਮਾਨ ਹੈ ਜੋ ਹਰ ਇਕ ਨੂੰ ਪ੍ਰਚਾਰ ਕਰਦਾ ਹੈ । ਇਸ ਦੇ ਸਬਬ ਕਿਸੇ ਨੂੰ ਕੋਈ ਕਸ਼ਟ ਨਹੀਂ ਪਹੁੰਚਿਆ ਕਦੇ ਕਿਸੇ ਨੂੰ ਬੁਰਾ ਨਹੀਂ ਕਿਹਾ । ਦੂਜਿਆਂ ਦੀ ਜਿੰਨ੍ਹੀ ਮਦਦ ਕਰ ਸਕਦਾ ਸੀ ਕਰਦਾ । ਹਰ ਛੋਟੀ ਤੋਂ ਛੋਟੀ ਚੀਜ਼ ਦਾ ਖ਼ਿਆਲ ਰਖੱਦਾ । ਹਰ ਇਕ ਨਾਲ ਪ੍ਰੇਮ ਤੇ ਸਨੇਹ ਨਾਲ ਰਿਹਿੰਦਾ ।

ਸਾਹਿਰ ਮਹਮੂਦ ਮੁਰੱਬੀ ਉਹਨਾਂ ਦੇ ਕਲਾਸਫ਼ੈਲੋ ਕਹਿੰਦੇ ਹਨ, ਅਜਿਹੀ ਉਮਦਾ ਸ਼ਖ਼ਸੀਅਤ ਨਾਲ ਸੱਤ ਸਾਲ ਬਤੀਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਅਤਿਅੰਤ ਖ਼ੂਬੀਆਂ ਦੇ ਮਾਲਕ ਸਨ । ਮਹਿਮਾਨ ਨਵਾਜ਼ੀ ਅਤੇ ਵਿਨਮ੍ਰਤਾ ਵਿੱਚ ਉਚੱਤਮ ਨਮੂਨਾ ਸਨ ਹਮੇਸ਼ਾ ਚੰਗੀ ਸੋਚ ਦਾ ਪ੍ਰਗਟਾਵਾ ਕਰਨ ਵਾਲੇ ਸਨ । ਕਹਿੰਦੇ ਹਨ ਇਕ ਵਾਰ ਮੈਂ ਕੋਈ ਗ਼ਲਤੀ ਕਰ ਦਿੱਤੀ ਜਿਸ'ਤੇ ਉਨਹਾਂ ਨੇ ਮੈਂਨੂੰ ਡਾਂਟਿਆ ਅਤੇ ਫਿਰ ਕੁਝ ਮਿੰਟਾ ਬਾਦ ਹੀ ਮੇਰੇ ਕੋਲ ਆਣ ਕੇ ਖਿਮਾ ਮੰਗਣ ਲਗ ਪਏ ਅਤੇ ਰੋਣ ਲੱਗ ਪਏ, ਬਹੁਤ ਹੀ ਨਰਮ ਦਿਲ ਇੰਸਾਨ ਸਨ । ਕਹਿੰਦੇ ਹਨ ਕਦੇ ਮੈਂ ਬਿਮਾਰ ਹੁੰਦਾ ਤਾਂ ਮੇਰੇ ਉਠੱਣ ਤੋਂ ਪਹਿਲਾਂ ਹੀ ਮੇਰੇ ਬਿਸਤਰ ਕੋਲ ਨਾਸ਼ਤਾ ਲਿਆਕੇ ਰੱਖ ਦਿਆ ਕਰਦੇ ਅਤੇ ਕਦੇ ਨਜ਼ਲਾ ਹੋਇਆ ਤਾਂ ਬਿਨਾ ਪੁੱਛਿਆਂ ਹੀ ਮੈਂਨੂੰ ਫ਼ੌਰੀ ਤੌਰ'ਤੇ ਗਰਮ ਪਾਣੀ ਵਿੱਚ ਸ਼ਹਿਦ ਮਿਲਾਕੇ ਲੈ ਆਉਂਦਾ । ਸੰਖੇਪ ਇਹ ਕਿ ਜ਼ਿੰਦਾ ਦਿਲ, ਨੇਕ, ਸਤਿਵਾਦੀ ਤੇ ਧਰਮ ਦਾ ਸਚੱਾ ਮੁਜਾਹਦ (ਸੰਘਰਸ਼ਵਾਦੀ), ਸੰਜਮੀ ਤੇ ਮਿਹਨਤੀ ਇਹ ਸਾਰੇ ਸ਼ਬਦ ਮਜ਼ਹਰ ਲਈ ਵਰਤੇ ਜਾ ਸਕਦੇ ਹਨ । ਇਕ ਖ਼ੂਬੀ ਇਹ ਵੀ ਸੀ ਕਿ ਜੋ ਚੀਜ਼ ਆਪਣੇ ਲਈ ਪਸੰਦ ਕਰਦਾ ਉਹੋ ਆਪਣੇ ਮਿਤੱਰਾਂ ਲਈ ਵੀ ਪਸੰਦ ਕਰਦਾ ਅਤੇ ਖਾਣ ਪੀਣ ਲਈ ਕੋਈ ਚੀਜ਼ ਲਿਆਉਂਦਾ ਤਾਂ ਮਿਤੱਰਾਂ ਲਈ ਵੀ ਲੈਕੇ ਆਉਂਦਾ । ਸਾਦਗੀ ਨਾਲ ਜੀਵਨ ਬਤੀਤੀ ਕਰਦਾ ਅਤੇ ਫ਼ਜ਼ੂਲ ਖਰਚੀ ਕਰਦਿਆਂ ਉਕੱਾ ਹੀ ਨਹੀਂ ਦੇਖਿਆ । ਸਫ਼ਾਈ ਦਾ ਬਹੁਤ ਖ਼ਿਆਲ ਰਖੱਣ ਵਾਲਾ । ਨਮਾਜ਼ ਤਹੱਜੁਦ ਬਕਾਇਦਗੀ ਨਾਲ ਪੜ੍ਹਦਾ, ਉਠੱਕੇ ਨਫ਼ਲ ਪੜ੍ਹਦਾ ਸੀ ਬਿਨਾ ਨਾਗੇ ਦੇ ਹਫ਼ਤਾ ਵਾਰੀ ਰੋਜ਼ਾ ਵੀ ਰਖੱਦਾ ਅਤੇ ਚੰਦਾ ਬਹੁਤ ਪਬੰਦੀ ਨਾਲ ਦਿੰਦਾ । ਹਰ ਚੀਜ਼ ਵਿੱਚ ਤਰਤੀਬ ਸੀ । ਆਪਣੇ ਸਮੇਂ ਨੂੰ ਬਹੁਤ ਬਹੁਤ ਸੂਝ ਬੂਝ ਨਾਲ ਵੰਡਦਾ । ਜਾਮਿਆ ਦੇ ਪ੍ਰਤੀਦਿਨ ਦੀਆਂ ਕਲਾਸਾਂ ਤੋਂ ਬਿਨਾਂ ਉਹਨਾਂ ਦੀ ਇਹ ਰੁਟੀਨ ਸੀ ਕਿ ਕੁਰਆਨ ਕਰੀਮ ਦੀ ਬਕਾਇਦਗੀ ਨਾਲ ਤਲਾਵਤ ਕਰਨੀ, ਫਿਰ ਜਮਾਤੀ ਕਿਤਾਬਾਂ ਦਾ ਆਧਿਐਨ ਕਰਨਾ ਫਿਰ ਭਾਵੇਂ ਕਿਹੋ ਜਿਹੀ ਵੀ ਰੁੱਤ ਹੋਵੇ ਪ੍ਰਤੀਦਿਨ ਵਰਜ਼ਿਸ਼ ਕਰਨੀ ਬਕਾਇਦਗੀ ਨਾਲ ਅਖ਼ਬਾਰ ਪੜ੍ਹਨੀ ਫਿਰ ਦੁਪਹਿਰ ਨੂੰ ਕੁਝ ਅਰਾਮ ਵੀ ਕਰਨਾ ਤਾਂ ਕੁਝ ਮਿੰਟਾ ਦਾ ਅਤੇ ਫਿਰ ਸੌਣ ਤੋਂ ਪਹਿਲਾਂ ਬਕਾਇਦਗੀ ਨਾਲ ਡਾਇਰੀ ਲਿਖੱਣਾ । ਇਹ ਸਨ ਉਸ ਦੇ ਗੁਣ । ਅਤੇ ਖ਼ੁਤਬਾ ਜੁਮਆ ਦੇ ਬਕਾਇਦਗੀ ਨਾਲ ਨੋਟਸ ਲੈਂਦਾ ਅਤੇ ਫਿਰ ਖ਼ੁਤਬੇ ਦੇ

ਪੁਆਇੰਟਸ ਨੂੰ ਆਪਣੇ ਮਿਤੱਰਾਂ ਨਾਲ ਡਿਸਕਸ ਕਰਦਾ । ਕਦੇ ਖ਼ਲੀਫ਼ਾ ਸਾਹਬ ਤੇ ਜਮਾਤ ਦੇ ਖਿਲਾਫ਼ ਕੋਈ ਗੱਲ ਸਹਿਨ ਨ ਕਰਦਾ । ਹਰ ਤਹਿਰੀਕ ਵਿੱਚ ਸ਼ਾਮਲ ਹੁੰਦੇ ਅਤੇ ਦੂਜਿਆਂ ਨੂੰ ਵੀ ਚੇਤਾ ਕਰਾਉਂਦੇ । ਆਪਣੇ ਆਪ ਨੂੰ ਖ਼ਲੀਫ਼ਾ ਸਾਹਬ ਦਾ ਸਿਪਾਹੀ ਸਮਝਦੇ ਅਤੇ ਨਿਸ਼ਚੇ ਹੀ ਸਨ ਵੀ । ਅਧਿਕਤਰ ਕਿਹਾ ਕਰਦੇ ਸਨ ਕਿ ਖ਼ਿਲਾਫ਼ਤ ਲਈ ਜਾਨ ਕੁਰਬਾਨ ਕਰਨ ਲਈ ਤਿਆਰ ਹਾਂ ਅਤੇ ਫਿਰ ਉਹ ਸ਼ਬਦ ਨਹੀਂ ਹੁੰਦੇ ਸਨ ਸਗੋਂ ਭਾਵਨਾਵਾਂ ਵਿਅਕਤ ਕਰ ਰਹੀਆਂ ਹੁੰਦੀਆਂ ਸਨ ਕਿ ਵਾਸਤਵ ਵਿੱਚ ਉਹੋ ਕੁਝ ਹੈ ਜੋ ਕੁਝ ਕਹਿ ਰਿਹਾ ਹੈ ।

ਇਹਨਾਂ ਦੇ ਇਕ ਮਿਤੱਰ ਮੁਰੱਬੀ ਸ਼ਰਜੀਲ ਲਿਖੱਦੇ ਹਨ ਅਤਿਅੰਤ ਉਤੱਮ ਆਚਰਣ ਵਾਲੇ ਅਤੇ ਪਿਆਰੇ ਮਿਤੱਰ ਸਨ । ਅਨੇਕਾਂ ਹੀ ਖ਼ੂਬੀਆਂ ਦੇ ਮਾਲਕ, ਖ਼ਿਲਾਫ਼ਤ ਦੇ ਅਸਥਾਨ ਨੂੰ ਵਾਸਤਵਿਕ ਰੂਪ ਵਿੱਚ ਲਾਗੂ ਰਖੱਣ ਵਾਲੇ ਰੱਬ'ਤੇ ਭਰੋਸਾ ਬਹੁਤ ਦ੍ਰਿੜ੍ਹ ਸੀ । ਜਮਾਤ ਲਈ ਸਭ ਕੁਝ ਕੁਰਬਾਨ ਕਰਨ ਵਾਲੇ ਸਨ । ਇਕ ਫ਼ਿਦਾਈ ਸਨ । ਕਦੇ ਕਿਸੇ ਨੂੰ ਕੋਈ ਕਸ਼ਟ ਜਾਂ ਦੁੱਖ ਨ ਪਹੁੰਚਾਉਂਦੇ, ਹਰ ਸਮੇਂ ਮੁਸਕਰਾਉਂਦੇ ਰਹਿੰਦੇ । ਕੋਈ ਉਹਨਾਂ ਨੂੰ ਕਿੰਨ੍ਹਾ ਹੀ ਤੰਗ ਕਰਦਾ ਕਦੇ ਗੁੱਸਾ ਨ ਕਰਦੇ ਕਦੇ ਜੋਸ਼ ਵਿੱਚ ਨ ਆਉਂਦੇ, ਕਦੇ ਫ਼ਜ਼ੂਲ ਗੱਲਾਂ ਨਹੀਂ ਕੀਤੀਆਂ, ਫ਼ਜ਼ੂਲ ਗੱਲਾਂ ਤੋਂ ਬਚਦੇ । ਅੱਜ ਤੱਕ ਉਹਨਾਂ ਨੂੰ ਕਦੇ ਵੀ ਬੁਰੇ ਸ਼ਬਦ ਬੋਲਦੇ ਜਾਂ ਬਦਗੋਈ ਕਰਦੇ ਨਹੀਂ ਦੇਖਿਆ । ਹਰ ਸਮੇਂ ਹਰ ਕੰਮ ਬਹੁਤ ਹੀ ਹੌਂਸਲੇ ਨਾਲ ਕਰਦੇ ਅਤੇ ਬਹੁਤ ਹੀ ਲਗਨ ਤੇ ਜ਼ਿੰਮੇਦਾਰੀ ਨਾਲ ਕਰਦੇ । ਕਦੇ ਕਿਸੇ ਕੰਮ ਨੂੰ ਛੋਟਾ ਨਹੀਂ ਸਮਝਦੇ ਸਨ । ਹਰ ਇਕ ਦੀ ਮਦਦ ਕਰਦੇ । ਸੁਸਤੀ ਦਾ ਉਹਨਾਂ ਵਿੱਚ ਨਾਂ ਵੀ ਨਹੀਂ ਸੀ ਜਾਮਿਆ ਨਾਲ ਬਹੁਤ ਸਨੇਹ ਸੀ ਨਿਸ਼ਚੇ ਸ਼ਕਤੀ ਬਹੁਤ ਮਜ਼ਬੂਤ ਸੀ । ਕਸ਼ਟ ਹੁੰਦਿਆਂ ਹੋਇਆਂ ਵੀ ਹਿਮੱਤ ਨਹੀਂ ਹਾਰੀ ਅਤੇ ਅਖ਼ੀਰ ਦੱਮ ਤੱਕ ਬਹੁਤ ਹਿਮੱਤ ਨਾਲ ਆਪਣੀ ਬਿਮਾਰੀ ਨੂੰ ਸਹਿਨ ਕੀਤਾ । ਕਦੇ ਕਿਸੇ ਦਾ ਮਜ਼ਾਕ ਨਹੀਂ ਉਡਾਇਆ ਸਗੋਂ ਲੋਕਾਂ ਨੂੰ ਇਸ ਤੋਂ ਮੋੜਦੇ ਸਨ । ਉਹਨਾਂ ਵਿੱਚ ਉਹ ਗੁੱਣ ਸਨ ਜੋ ਇਕ ਮੁਰੱਬੀ ਵਿੱਚ ਹੁੰਦੇ ਹਨ । ਲੜਕੇ ਉਹਨਾਂ ਦੇ ਮਿੱਤਰ ਕਹਿੰਦੇ ਹਨ ਕਿ ਮੁਮਹਿਦਾ ਤੋਂ ਹੀ ਕਾਮਲ ਮੁਰੱਮਬੀ ਸਨ । ਸੰਜਮਤਾ ਦੇ ਸੂਖਮ ਮਾਰਗਾਂ ਉਪੱਰ ਚਲੱਣ ਵਾਲੇ ਸਨ । ਕਿਸੇ ਪ੍ਰਕਾਰ ਦਾ ਦਿਖਾਵਾ ਨਹੀਂ ਸੀ । ਜਿਵੇਂ ਅੰਦਰ ਸਨ ਵੈਸੇ ਹੀ ਬਾਹਰੋਂ ਸਨ ਕਹਿਣੀ ਤੇ ਕਰਣੀ ਵਿੱਚ ਸੁਮੇਲ ਸੀ । ਕੁਰਆਨ ਕਰੀਮ ਦੇ ਆਦੇਸ਼ਾਂ ਦੇ ਪਾਬੰਦ ਸਨ ।

ਹਜ਼ੂਰ ਅਨਵਰ ਨੇਫ਼ਰਮਾਇਆ : ਅਤਿਅੰਤ ਵਫ਼ਾਦਾਰ ਅਤੇ ਅਪਣੇ ਜੀਵਨ ਦੇ ਮੰਤਵ ਨੂੰ ਸਮਝਣ ਵਾਲਾ ਅਹਮਦੀ ਬੱਚਾ ਸੀ । ਅਲੱਾਹ ਤਆਲਾ ਹਮੇਸ਼ਾਂ ਹੀ ਉਸ'ਤੇ ਆਪਣੀਆਂ ਰਹਿਮਤਾਂ ਵਰ੍ਹਾਉਂਦਾ ਰਹੇ, ਉਸ ਦੇ ਦਰਜਿਆਂ ਨੂੰ ਬੁਲੰਦ ਕਰਦਾ ਰਹੇ । ਹਮੇਸ਼ਾ ਉਸ ਨੂੰ ਅਸੀਂ ਰੱਬ ਰਜ਼ਾ ਵਿੱਚ ਰਾਜ਼ੀ ਦੇਖਿਆ । ਅਲੱਾਹ ਉਸ ਨੂੰ ਆਪਣੇ ਪਿਆਰਿਆਂ ਦੇ ਪੈਰ੍ਹਾਂ ਵਿੱਚ ਥਾਂ ਦੇਵੇ ਅਤੇ ਉਸ ਜਿਹੇ ਹਜ਼ਾਰਾਂ ਹੀ ਵਾਕਫ਼ੀਨ ਅਜਿਹੇ ਵੀ ਪੈਦਾ ਹੋਣ ਜੋ ਇਕ ਸੂਖਮਤਾ ਨਾਲ ਆਪਣੇ ਮੰਤਵ ਨੂੰ ਸਮਝਣ ਵਾਲੇ ਹੋਣ ਅਤੇ ਵਿਸ਼ੇਸ਼ ਰੂਪ ਵਿੱਚ ਉਹਨਾਂ ਦੇ ਮਾਂਪਿਆਂ ਲਈ ਭੈਣਾ ਲਈ ਦੁਆ ਕਰੋ ਕਿ ਅਲੱਾਹ ਤਆਲਾ ਉਹਨਾਂ ਨੂੰ ਸਬਰ ਤੇ ਹੌਂਸਲੇ ਵਿੱਚ ਵਧਾਉਂਦਾ ਚਲਾ ਜਾਵੇ ।

ਹਜ਼ੂਰ ਅਨਵਰ ਨੇਫ਼ਰਮਾਇਆ : ਹੁਣੇ ਜੁਮਏ ਦੀ ਨਮਾਜ਼ ਦੇ ਬਾਦ ਉਹਨਾਂ ਦੀ ਨਮਾਜ਼ ਜਨਾਜ਼ਾਹ ਹਾਜ਼ਿਰ ਪੜ੍ਹਾਵਾਂਗਾ ਮੈਂ ਬਾਹਰ ਹੇਠਾਂ ਜਾਵਾਂਗਾ ਲੋਕ ਏਥੇ ਹੀ ਪੰਕਤੀਆਂ ਠੀਕ ਕਰ ਲੈਂਣ ।


**Khulasa Khutba Jumma 30.09.2016**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131